ਮਿੱਠੇ ਬੱਚੇ:- ਕਦਮ - ਕਦਮ ਸ਼੍ਰੀਮਤ ਤੇ ਚੱਲੋ , ਨਹੀਂ ਤਾਂ ਮਾਇਆ ਦਿਵਾਲਾ ਕੱਡ ਦੇਵੇਗੀ , ਇਹ ਅੱਖਾਂ ਬਹੁਤ ਧੋਖਾ ਦਿੰਦਿਆਂ ਹਨ , ਇਨ੍ਹਾਂ ਦੀ ਬਹੁਤ - ਬਹੁਤ ਸੰਭਾਲ ਕਰੋ।

ਪ੍ਰਸ਼ਨ:- ਕਿਹੜੇ ਬੱਚਿਆਂ ਤੋਂ ਮਾਇਆ ਬਹੁਤ ਵਿਕਰਮ ਕਰਵਾਉਂਦੀ ਹੈ? ਯਗ ਵਿੱਚ ਵਿਘਨ ਰੂਪ ਕੌਣ ਹੈ।

ਉੱਤਰ:- ਜਿੰਨ੍ਹਾਂਨੂੰ ਆਪਣਾ ਹੰਕਾਰ ਰਹਿੰਦਾ ਹੈ ਉਨ੍ਹਾਂ ਤੋਂ ਮਾਇਆ ਬਹੁਤ ਵਿਕਰਮ ਕਰਵਾਉਂਦੀ ਹੈ। ਅਜਿਹੇ ਮਿਥਿਆ ਹੰਕਾਰ ਵਾਲੇ ਮੁਰਲੀ ਵੀ ਨਹੀਂ ਪੜ੍ਹਦੇ। ਅਜਿਹੀ ਗਫ਼ਲਤ ਕਰਨ ਨਾਲ ਮਾਇਆ ਥੱਪੜ ਲਗਾ ਵਰਥ ਨਾਟ ਪੇਨੀ ਬਣਾ ਦਿੰਦੀ ਹੈ। ਯਗ ਵਿੱਚ ਵਿਘਨ ਰੂਪ ਉਹ ਹਨ ਜਿਨ੍ਹਾਂ ਦੀ ਬੁੱਧੀ ਵਿੱਚ ਝਰਮੁਈ ਝਗਮੁਈ ( ਪਰਚਿੰਤਨ) ਦੀਆਂ ਗੱਲਾਂ ਰਹਿੰਦੀਆਂ ਹਨ, ਇਹ ਬਹੁਤ ਖ਼ਰਾਬ ਆਦਤ ਹੈ।

ਓਮ ਸ਼ਾਂਤੀ। ਰੂਹਾਨੀ ਬੱਚਿਆਂ ਨੂੰ ਬਾਪ ਨੇ ਸਮਝਾਇਆ ਹੋਇਆ ਹੈ, ਇੱਥੇ ਤੁਸੀਂ ਬੱਚਿਆਂ ਨੂੰ ਅਜਿਹੇ ਖਿਆਲ ਨਾਲ ਜਰੂਰ ਬੈਠਣਾ ਹੁੰਦਾ ਹੈ - ਇਹ ਬਾਪ ਵੀ ਹੈ, ਟੀਚਰ ਵੀ ਹੈ, ਸੁਪ੍ਰੀਮ ਗੁਰੂ ਵੀ ਹੈ ਅਤੇ ਇਹ ਵੀ ਮਹਿਸੂਸ ਕਰਦੇ ਹੋ ਕਿ ਬਾਪ ਨੂੰ ਯਾਦ ਕਰਦੇ - ਕਰਦੇ ਪਵਿੱਤਰ ਬਣ ਜਾਕੇ ਪਵਿੱਤਰ ਧਾਮ ਪਹੁੰਚਾਂਗੇ। ਬਾਪ ਨੇ ਸਮਝਾਇਆ ਹੈ - ਪਵਿੱਤਰ ਧਾਮ ਤੋਂ ਹੀ ਤੁਸੀਂ ਹੇਠਾਂ ਉੱਤਰੇ ਹੋ। ਪਹਿਲਾਂ ਤੁਸੀਂ ਸਤੋਪ੍ਰਧਾਨ ਸੀ। ਫਿਰ ਸਤੋ - ਰਜੋ - ਤੁਮੋ ਵਿੱਚ ਆਏ। ਹੁਣ ਤੁਸੀਂ ਸਮਝਦੇ ਹੋ ਅਸੀਂ ਹੇਠਾਂ ਡਿੱਗੇ ਹੋਏ ਹਾਂ। ਭਾਵੇਂ ਤੁਸੀਂ ਸੰਗਮਯੁਗ ਤੇ ਹੋ ਪਰ ਗਿਆਨ ਨਾਲ ਤੁਸੀਂ ਇਹ ਜਾਣਦੇ ਹੋ - ਅਸੀਂ ਕਿਨਾਰਾ ਕਰ ਲਿਆ ਹੈ। ਫਿਰ ਜੇਕਰ ਸ਼ਿਵਬਾਬਾ ਦੀ ਯਾਦ ਵਿੱਚ ਰਹਿੰਦੇ ਹੋ ਤਾਂ ਸ਼ਿਵਾਲਾ ਦੂਰ ਨਹੀਂ ਹੈ। ਸ਼ਿਵਬਾਬਾ ਨੂੰ ਯਾਦ ਹੀ ਨਹੀਂ ਕਰਦੇ ਤਾਂ ਸ਼ਿਵਾਲਾ ਬਹੁਤ ਦੂਰ ਹੈ। ਸਜ਼ਾਵਾਂ ਖਾਣੀਆਂ ਪੈਂਦੀਆਂ ਹਨ ਨਾ ਤਾਂ ਬਹੁਤ ਦੂਰ ਹੋ ਜਾਂਦਾ ਹੈ। ਤਾਂ ਬਾਪ ਬੱਚਿਆਂ ਨੂੰ ਕੋਈ ਜ਼ਿਆਦਾ ਤਕਲੀਫ ਨਹੀਂ ਦਿੰਦੇ ਹਨ। ਇੱਕ ਤਾਂ ਬਾਰ - ਬਾਰ ਕਹਿੰਦੇ ਹਨ - ਮਨਸਾ - ਵਾਚਾ - ਕਰਮਨਾ ਪਵਿੱਤਰ ਬਣਨਾ ਹੈ। ਇਹ ਅੱਖਾਂ ਵੀ ਬਹੁਤ ਧੋਖਾ ਦਿੰਦੀਆਂ ਹਨ। ਬਹੁਤ ਸੰਭਾਲ ਕੇ ਚੱਲਣਾ ਹੁੰਦਾ ਹੈ।

ਬਾਬਾ ਨੇ ਸਮਝਾਇਆ ਹੈ- ਧਿਆਨ ਅਤੇ ਯੋਗ ਬਿਲਕੁਲ ਵੱਖ ਹੈ। ਯੋਗ ਮਤਲਬ ਯਾਦ। ਅੱਖਾਂ ਖੁਲ੍ਹੀ ਹੁੰਦੇ ਯਾਦ ਕਰ ਸਕਦੇ ਹੋ। ਧਿਆਨ ਨੂੰ ਯੋਗ ਨਹੀਂ ਕਿਹਾ ਜਾਂਦਾ। ਧਿਆਨ ਵਿੱਚ ਜਾਂਦੇ ਹਨ ਤਾਂ ਉਨ੍ਹਾਂਨੂੰ ਨਾ ਗਿਆਨ, ਨਾ ਯੋਗ ਕਿਹਾ ਜਾਂਦਾ ਹੈ। ਧਿਆਨ ਵਿੱਚ ਜਾਣ ਵਾਲਿਆਂ ਤੇ ਮਾਇਆ ਵੀ ਬਹੁਤ ਵਾਰ ਕਰਦੀ ਹੈ, ਇਸਲਈ ਇਸ ਵਿੱਚ ਬਹੁਤ ਖਬਰਦਾਰ ਰਹਿਣਾ ਹੁੰਦਾ ਹੈ। ਬਾਪ ਦੀ ਕਾਈਦੇ ਅਨੁਸਾਰ ਯਾਦ ਚਾਹੀਦੀ ਹੈ। ਕਾਈਦੇ ਦੇ ਵਿਰੁੱਧ ਕੋਈ ਕੰਮ ਕੀਤਾ ਤਾਂ ਇੱਕਦਮ ਮਾਇਆ ਸੁੱਟ ਦੇਵੇਗੀ। ਧਿਆਨ ਦੀ ਤੇ ਕਦੇ ਇੱਛਾ ਵੀ ਨਹੀਂ ਰੱਖਣੀ ਹੈ, ਇੱਛਾ ਮਾਤਰਮ ਅਵਿਧਿਆ। ਤੁਹਾਨੂੰ ਕੋਈ ਵੀ ਇੱਛਾ ਨਹੀਂ ਰੱਖਣੀ ਹੈ। ਬਾਪ ਤੁਹਾਡੀ ਕਾਮਨਾਵਾਂ ਬਗੈਰ ਮੰਗੇ ਪੂਰੀ ਕਰ ਦਿੰਦੇ ਹਨ, ਜੇਕਰ ਬਾਪ ਦੀ ਆਗਿਆ ਤੇ ਚਲਦੇ ਹੋ ਤਾਂ। ਜੇਕਰ ਬਾਪ ਦੀ ਆਗਿਆ ਦਾ ਉਲੰਘਣ ਕਰ ਉਲਟਾ ਰਸਤਾ ਲਿੱਤਾ ਤਾਂ ਹੋ ਸਕਦਾ ਹੈ ਸ੍ਵਰਗ ਵਿੱਚ ਜਾਣ ਦੇ ਬਦਲੇ ਨਰਕ ਵਿੱਚ ਡਿੱਗ ਜਾਵੋ। ਗਾਇਨ ਵੀ ਹੈ ਗੱਜ ਨੂੰ ਗ੍ਰਾਹ ਨੇ ਖਾਇਆ। ਬਹੁਤਿਆਂ ਨੂੰ ਗਿਆਨ ਦੇਣੇ ਵਾਲੇ, ਭੋਗ ਲਗਾਉਣ ਵਾਲੇ ਅੱਜ ਹੈ ਨਹੀਂ ਕਿਓਂਕਿ ਕਾਇਦੇ ਦਾ ਉਲੰਘਣ ਕਰਦੇ ਹੈ ਤਾਂ ਪੂਰੇ ਮਾਇਆਵੀ ਬਣ ਜਾਂਦੇ ਹਨ। ਡੀ. ਟੀ. ਬਣਦੇ - ਬਣਦੇ ਡੈਵਿਲ ਬਣ ਜਾਂਦੇ ਹਨ ਇਸਲਈ ਇਸ ਮਾਰਗ ਵਿੱਚ ਖਬਰਦਾਰੀ ਬਹੁਤ ਚਾਹੀਦੀ ਹੈ। ਆਪਣੇ ਉੱਪਰ ਕੰਟਰੋਲ ਰੱਖਣਾ ਹੁੰਦਾ ਹੈ। ਬਾਪ ਤਾਂ ਬੱਚਿਆਂ ਨੂੰ ਸਾਵਧਾਨ ਕਰਦੇ ਹਨ। ਸ਼੍ਰੀਮਤ ਦਾ ਉਲੰਘਣ ਨਹੀਂ ਕਰਨਾ ਹੈ। ਆਸੁਰੀ ਮੱਤ ਤੇ ਚੱਲਣ ਨਾਲ ਹੀ ਤੁਹਾਡੀ ਉਤਰਦੀ ਕਲਾ ਹੋਈ ਹੈ। ਕਿੱਥੇ ਤੋਂ ਇੱਕਦਮ ਕਿੱਥੇ ਪਹੁੰਚ ਗਏ ਹੋ। ਇੱਕਦਮ ਥੱਲੇ ਪਹੁੰਚ ਗਏ ਹਨ। ਹੁਣ ਵੀ ਸ਼੍ਰੀਮਤ ਤੇ ਨਾ ਚੱਲੇ, ਬੇਪਰਵਾਹ ਬਣੇ ਤਾਂ ਪਦਵੀ ਭ੍ਰਿਸ਼ਟ ਬਣ ਜਾਣਗੇ। ਬਾਬਾ ਨੇ ਕਲ ਵੀ ਸਮਝਾਇਆ ਜੋ ਕੁਝ ਸ਼੍ਰੀਮਤ ਦੇ ਆਧਾਰ ਬਗੈਰ ਕਰਦੇ ਹਨ ਤਾਂ ਬਹੁਤ ਡਿਸਰਵਿਸ ਕਰਦੇ ਹਨ। ਬਗੈਰ ਸ਼੍ਰੀਮਤ ਕਰਨਗੇ ਤਾਂ ਡਿੱਗਦੇ ਹੀ ਜਾਣਗੇ। ਬਾਬਾ ਨੇ ਸ਼ੁਰੂ ਤੋਂ ਮਾਤਾਵਾਂ ਨੂੰ ਨਿਮਿਤ ਰੱਖਿਆ ਹੈ ਕਿਓਂਕਿ ਕਲਸ਼ ਵੀ ਮਾਤਾਵਾਂ ਨੂੰ ਮਿਲਦਾ ਹੈ। ਵੰਦੇ ਮਾਤਰਮ ਗਾਇਆ ਹੋਇਆ ਹੈ। ਬਾਬਾ ਨੇ ਵੀ ਮਾਤਾਵਾਂ ਦੀ ਇੱਕ ਕਮੇਟੀ ਬਣਾਈ। ਉਨ੍ਹਾਂ ਦੇ ਹਵਾਲੇ ਸਭ ਕੁਝ ਕਰ ਦਿੱਤਾ। ਬੱਚੀਆਂ ਟਰਸਟਵਰਦੀ (ਵਿਸ਼ਵਾਸਪਾਤਰ) ਹੁੰਦੀਆਂ ਹਨ। ਪੁਰਸ਼ ਅਕਸਰ ਕਰਕੇ ਦਿਵਾਲਾ ਮਾਰਦੇ ਹਨ। ਤਾਂ ਬਾਪ ਵੀ ਕਲਸ਼ ਮਾਤਾਵਾਂ ਤੇ ਰੱਖਦੇ ਹਨ। ਇਸ ਗਿਆਨ ਮਾਰਗ ਵਿੱਚ ਮਾਤਾਵਾਂ ਵੀ ਦਿਵਾਲਾ ਮਾਰ ਸਕਦੀਆਂ ਹਨ। ਪਦਮਾਪਦਮ ਭਾਗਸ਼ਾਲੀ ਜੋ ਬਣਨ ਵਾਲੇ ਹਨ, ਉਹ ਵੀ ਮਾਇਆ ਤੋਂ ਹਾਰ ਖਾਏ ਦਿਵਾਲਾ ਮਾਰ ਸਕਦੇ ਹਨ। ਇਸ ਵਿੱਚ ਇਸਤਰੀ - ਪੁਰਸ਼ ਦੋਨੋਂ ਦਿਵਾਲਾ ਮਾਰ ਸਕਦੇ ਹਨ। ਉਸ ਵਿੱਚ ਸਿਰਫ ਪੁਰਸ਼ ਦਿਵਾਲਾ ਮਾਰਦੇ ਹਨ। ਇੱਥੇ ਤਾਂ ਵੇਖੋ ਕਿੰਨੇ ਹਾਰ ਖਾਕੇ ਚਲੇ ਗਏ, ਗੋਇਆ ਦਿਵਾਲਾ ਮਾਰ ਦਿੱਤਾ ਨਾ। ਬਾਪ ਬੈਠ ਸਮਝਾਉਂਦੇ ਹਨ - ਭਾਰਤਵਾਸੀਆਂ ਨੇ ਪੂਰਾ ਦਿਵਾਲਾ ਮਾਰਿਆ ਹੈ। ਮਾਇਆ ਕਿੰਨੀ ਜਬਰਦਸਤੀ ਹੈ। ਸਮਝ ਨਹੀਂ ਸਕਦੇ ਹਨ ਅਸੀਂ ਕੀ ਸੀ? ਕਿੱਥੇ ਤੋਂ ਇੱਕਦਮ ਥੱਲੇ ਆਕੇ ਡਿੱਗੇ ਹਨ! ਇੱਥੇ ਵੀ ਉੱਚ ਚੜ੍ਹਦੇ - ਚੜ੍ਹਦੇ ਫਿਰ ਸ਼੍ਰੀਮਤ ਨੂੰ ਭੁੱਲ ਆਪਣੀ ਮੱਤ ਤੇ ਚਲਦੇ ਹਨ ਤਾਂ ਦਿਵਾਲਾ ਮਾਰ ਦਿੰਦੇ ਹਨ। ਫਿਰ ਦੱਸੋ ਉਨ੍ਹਾਂ ਦਾ ਕੀ ਹਾਲ ਹੋਵੇਗਾ। ਉਹ ਤਾਂ ਦਿਵਾਲਾ ਮਾਰਦੇ ਹਨ ਫਿਰ 5 - 7 ਵਰ੍ਹੇ ਬਾਦ ਖੜ੍ਹੇ ਹੋ ਜਾਂਦੇ ਹਨ। ਇਹ ਤਾਂ 84 ਜਨਮਾਂ ਦੇ ਲਈ ਦਿਵਾਲਾ ਮਾਰ ਦਿੰਦੇ ਹਨ। ਫਿਰ ਉੱਚ ਪਦਵੀ ਪਾ ਨਾ ਸਕਣ, ਦਿਵਾਲਾ ਮਾਰਦੇ ਹੀ ਰਹਿੰਦੇ ਹਨ। ਕਿੰਨੇ ਮਹਾਰਥੀ ਬਹੁਤਿਆਂ ਨੂੰ ਉਠਾਉਂਦੇ ਸੀ, ਅੱਜ ਹੈ ਨਹੀਂ। ਦਿਵਲੇ ਵਿੱਚ ਹਨ। ਇੱਥੇ ਉੱਚ ਪਦਵੀ ਤਾਂ ਬਹੁਤ ਹਨ, ਪਰ ਫਿਰ ਖ਼ਬਰਦਾਰ ਨਹੀਂ ਰਹਿਣਗੇ ਤਾਂ ਉੱਪਰ ਤੋਂ ਇਕਦਮ ਥੱਲੇ

ਡਿੱਗ ਪੈਣਗੇ। ਮਾਇਆ ਹਪ ਕਰ ਲੈਂਦੀ ਹੈ। ਬੱਚਿਆਂ ਨੂੰ ਬਹੁਤ ਖ਼ਬਰਦਾਰ ਹੋਣਾ ਹੈ। ਆਪਣੀ ਮੱਤ ਤੇ ਕਮੇਟੀਆਂ ਆਦਿ ਬਣਾਉਣਾ, ਉਸ ਵਿੱਚ ਕੁਝ ਰੱਖਿਆ ਨਹੀਂ ਹੈ। ਬਾਪ ਨਾਲ ਬੁੱਧੀਯੋਗ ਰੱਖੋ - ਜਿਸ ਨਾਲ ਹੀ ਸਤੋਪ੍ਰਧਾਨ ਬਣਨਾ ਹੈ। ਬਾਪ ਦਾ ਬਣ ਕੇ ਅਤੇ ਫਿਰ ਬਾਪ ਨਾਲ ਯੋਗ ਨਹੀਂ ਲਗਾਉਂਦੇ, ਸ਼੍ਰੀਮਤ ਦਾ ਉਲੰਘਣ ਕਰਦੇ ਹਨ ਤਾਂ ਇੱਕਦਮ ਡਿੱਗ ਪੈਂਦੇ ਹਨ। ਕਨੈਕਸ਼ਨ ਹੀ ਟੁੱਟ ਪੈਂਦਾ ਹੈ। ਲਿੰਕ ਟੁੱਟ ਪੈਂਦਾ ਹੈ। ਲਿੰਕ ਟੁੱਟ ਜਾਏ ਤਾਂ ਚੈਕ ਕਰਨਾ ਚਾਹੀਦਾ ਹੈ ਕਿ ਮਾਇਆ ਸਾਨੂੰ ਇੰਨਾ ਕਿਓਂ ਤੰਗ ਕਰਦੀ ਹੈ। ਕੋਸ਼ਿਸ਼ ਕਰ ਬਾਪ ਦੇ ਨਾਲ ਲਿੰਕ ਜੋੜਨੀ ਚਾਹੀਦੀ ਹੈ। ਨਹੀਂ ਤਾਂ ਬੈਟਰੀ ਚਾਰਜ ਕਿਵੇਂ ਹੋਵੇਗੀ। ਵਿਕਰਮ ਕਰਨ ਨਾਲ ਬੈਟਰੀ ਡਿਸਚਾਰਜ ਹੋ ਜਾਂਦੀ ਹੈ। ਉੱਚ ਚੜ੍ਹਦੇ - ਚੜ੍ਹਦੇ ਡਿੱਗ ਪੈਂਦੇ ਹਨ। ਜਾਣਦੇ ਹੋ ਅਜਿਹੇ ਕਈ ਹਨ। ਸ਼ੁਰੂ ਵਿੱਚ ਕਿੰਨੇ ਢੇਰ ਆਕੇ ਬਾਬਾ ਦੇ ਬਣੇ। ਭੱਠੀ ਵਿੱਚ ਆਏ ਫਿਰ ਅੱਜ ਕਿੱਥੇ ਹਨ? ਡਿੱਗ ਪਏ ਕਿਓਂਕਿ ਪੁਰਾਣੀ ਦੁਨੀਆਂ ਯਾਦ ਆਈ। ਹੁਣ ਬਾਪ ਕਹਿੰਦੇ ਹਨ ਮੈਂ ਤੁਹਾਨੂੰ ਬੇਹੱਦ ਦਾ ਵੈਰਾਗ ਦਿਲਾ ਰਿਹਾ ਹਾਂ। ਇਸ ਪੁਰਾਣੀ ਪਤਿਤ ਦੁਨੀਆਂ ਨਾਲ ਦਿਲ ਨਹੀਂ ਲਗਾਉਣੀ ਹੈ। ਦਿਲ ਲਗਾਓ ਸ੍ਵਰਗ ਨਾਲ, ਮਿਹਨਤ ਹੈ। ਜੇ ਇਹ ਲਕਸ਼ਮੀ - ਨਰਾਇਣ ਬਣਨਾ ਚਾਹੁੰਦੇ ਹੋ ਤਾਂ ਮਿਹਨਤ ਕਰਨੀ ਪਵੇ। ਬੁੱਧੀਯੋਗ ਇੱਕ ਬਾਪ ਦੇ ਨਾਲ ਹੋਣਾ ਚਾਹੀਦਾ ਹੈ। ਪੁਰਾਣੀ ਦੁਨੀਆਂ ਤੋਂ ਵੈਰਾਗ। ਅੱਛਾ, ਪੁਰਾਣੀ ਦੁਨੀਆਂ ਨੂੰ ਭੁੱਲ ਜਾਓ ਇਹ ਤਾਂ ਠੀਕ ਹੈ। ਭਲਾ ਯਾਦ ਕਿਸ ਨੂੰ ਕਰਨ? ਸ਼ਾਂਤੀਧਾਮ - ਸੁਖਧਾਮ ਨੂੰ। ਜਿੰਨਾ ਹੋ ਸਕਦਾ - ਉਠਦੇ ਬੈਠਦੇ, ਚਲਦੇ - ਫਿਰਦੇ ਬਾਪ ਨੂੰ ਯਾਦ ਕਰੋ। ਬੇਹੱਦ ਸੁੱਖ ਦੇ ਸ੍ਵਰਗ ਨੂੰ ਯਾਦ ਕਰੋ। ਇਹ ਤਾਂ ਬਿਲਕੁਲ ਸਹਿਜ ਹੈ। ਜੇਕਰ ਇਨ੍ਹਾਂ ਦੋਵਾਂ ਆਸ਼ਾਵਾਂ ਤੋਂ ਉਲਟਾ ਚਲਦੇ ਹਨ ਤਾਂ ਪਦਵੀ ਭ੍ਰਿਸ਼ਟ ਹੋ ਪੈਂਦੇ ਹਨ। ਤੁਸੀਂ ਇੱਥੇ ਆਏ ਹੀ ਹੋ ਨਰ ਤੋਂ ਨਾਰਾਇਣ ਬਣਨ ਦੇ ਲਈ। ਸਭ ਨੂੰ ਕਹਿੰਦੇ ਹੋ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਨਾ ਹੈ ਕਿਉਂਕਿ ਰਿਟਰਨ ਜਰਨੀ ਹੁੰਦੀ ਹੈ। ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਰਪੀਟ ਮਾਨਾ ਨਰਕ ਤੋਂ ਸਵਰਗ, ਫਿਰ ਸਵਰਗ ਤੋਂ ਨਰਕ। ਇਹ ਚੱਕਰ ਫਿਰਦਾ ਹੀ ਰਹਿੰਦਾ ਹੈ। ਬਾਪ ਨੇ ਕਿਹਾ ਇੱਥੇ ਸਵਦਰਸ਼ਨ ਚਕ੍ਰਧਾਰੀ ਹੋਕੇ ਬੈਠੋ। ਇਸੇ ਯਾਦ ਵਿੱਚ ਰਹੋ, ਅਸੀਂ ਕਿੰਨੀ ਵਾਰੀ ਇਹ ਚੱਕਰ ਲਗਾਇਆ ਹੈ। ਅਸੀਂ ਸਵਦਰਸ਼ਨ ਚਕ੍ਰਧਾਰੀ ਹਾਂ, ਹੁਣ ਫਿਰ ਤੋਂ ਦੇਵਤਾ ਬਣਦੇ ਹਾਂ। ਦੁਨੀਆਂ ਵਿੱਚ ਕੋਈ ਵੀ ਇਸ ਰਾਜ਼ ਨੂੰ ਨਹੀਂ ਜਾਣਦੇ ਹਨ। ਇਹ ਗਿਆਨ ਦੇਵਤਾਵਾਂ ਨੂੰ ਤੇ ਸੁਣਾਉਣਾ ਨਹੀਂ ਹੈ। ਉਹ ਤਾਂ ਹਨ ਹੀ ਪਵਿੱਤਰ। ਉਨ੍ਹਾਂ ਵਿੱਚ ਗਿਆਨ ਹੈ ਨਹੀਂ ਜੋ ਸ਼ੰਖ ਵਜਾਉਣ। ਪਵਿੱਤਰ ਵੀ ਹਨ ਇਸਲਈ ਉਨ੍ਹਾਂਨੂੰ ਨਿਸ਼ਾਨੀ ਦੇਣ ਦੀ ਲੋੜ ਹੀ ਨਹੀਂ। ਨਿਸ਼ਾਨੀ ਉਦੋਂ ਹੁੰਦੀ ਹੈ ਜਦੋਂ ਦੋਵੇਂ ਇਕੱਠੇ ਚਤੁਰਭੁਜ ਹੁੰਦੇ ਹਨ। ਤੁਹਾਨੂੰ ਵੀ ਨਹੀਂ ਦਿੰਦੇ ਹਨ ਕਿਉਂਕਿ ਤੁਸੀਂ ਅੱਜ ਦੇਵਤਾ ਕਲ ਫਿਰ ਹੇਠਾਂ ਡਿੱਗ ਜਾਂਦੇ ਹੋ। ਮਾਇਆ ਡਿਗਾਉਂਦੀ ਹੈ ਨਾ। ਬਾਪ ਡੀ. ਟੀ. ਬਣਾਉਂਦੇ ਹਨ, ਮਾਇਆ ਫਿਰ ਡੇਵਿਲ ਬਣਾ ਦਿੰਦੀ ਹੈ। ਕਈ ਤਰ੍ਹਾਂ ਨਾਲ ਮਾਇਆ ਪ੍ਰੀਖਿਆ ਲੈਂਦੀ ਹੈ। ਬਾਪ ਜਦੋਂ ਸਮਝਾਉਂਦੇ ਹਨ ਉਦੋਂ ਪਤਾ ਪੈਂਦਾ ਹੈ। ਸੱਚਮੁੱਚ ਸਾਡੀ ਅਵਸਥਾ ਡਿੱਗੀ ਹੋਈ ਹੈ। ਕਿੰਨੇਂ ਵਿਚਾਰੇ ਆਪਣਾ ਸਭ ਕੁਝ ਸ਼ਿਵਬਾਬਾ ਦੇ ਖਜ਼ਾਨੇ ਵਿੱਚ ਜਮਾਂ ਕਰਵਾਏ ਫਿਰ ਵੀ ਕਦੇ ਮਾਇਆ ਤੋਂ ਹਾਰ ਖਾ ਲੈਂਦੇ ਹਨ। ਸ਼ਿਵਬਾਬਾ ਦੇ ਬਣ ਗਏ ਫਿਰ ਭੁੱਲ ਕਿਉਂ ਜਾਂਦੇ, ਇਸ ਵਿੱਚ ਯੋਗ ਦੀ ਯਾਤ੍ਰਾ ਮੁੱਖ ਹੈ। ਯੋਗ ਨਾਲ ਪਵਿੱਤਰ ਬਣਨਾ ਹੈ। ਨਾਲੇਜ ਦੇ ਨਾਲ - ਨਾਲ ਪਵਿੱਤਰਤਾ ਵੀ ਚਾਹੀਦੀ ਹੈ। ਤੁਸੀਂ ਬੁਲਾਉਂਦੇ ਵੀ ਹੋ ਬਾਬਾ ਸਾਨੂੰ ਆਕੇ ਪਾਵਨ ਬਣਾਓ, ਜੋ ਅਸੀਂ ਸਵਰਗ ਵਿੱਚ ਜਾ ਸਕੀਏ। ਯਾਦ ਦੀ ਯਾਤ੍ਰਾ ਹੈ ਹੀ ਪਾਵਨ ਬਣ ਉੱਚ ਪਦਵੀ ਪਾਉਣ ਦੇ ਲਈ। ਜੋ ਚਲੇ ਜਾਂਦੇ ਹਨ ਫਿਰ ਵੀ ਕੁਝ ਨਾ ਕੁਝ ਸੁਣਿਆ ਹੈ ਤਾਂ ਸ਼ਿਵਾਲੇ ਵਿੱਚ ਆਉਣਗੇ ਜ਼ਰੂਰ। ਫਿਰ ਪਦਵੀ ਭਾਵੇਂ ਕਿਵੇਂ ਦੀ ਵੀ ਪਾਉਣ ਪਰੰਤੂ ਆਉਂਦੇ ਜਰੂਰ ਹਨ। ਇੱਕ ਵਾਰੀ ਵੀ ਯਾਦ ਕੀਤਾ ਤਾਂ ਸਵਰਗ ਵਿੱਚ ਆ ਜਾਣਗੇ, ਬਾਕੀ ਉੱਚ ਪਦਵੀ ਨਹੀਂ। ਸਵਰਗ ਦਾ ਨਾਮ ਸੁਣ ਖੁਸ਼ ਨਹੀਂ ਹੋਣਾ ਚਾਹੀਦਾ। ਫੇਲ੍ਹ ਹੋਕੇ ਪਾਈ ਪੈਸੇ ਦੀ ਪਦਵੀ ਪਾ ਲੈਣਾ, ਇਸ ਵਿੱਚ ਖੁਸ਼ ਨਹੀ ਹੋਣਾ ਚਾਹੀਦਾ। ਭਾਵੇਂ ਸਵਰਗ ਹੈ ਪਰ ਉਸ ਵਿੱਚ ਪਦਵੀਆਂ ਤਾਂ ਬਹੁਤ ਹਨ ਨਾ। ਫੀਲਿੰਗ ਤੇ ਆਉਂਦੀ ਹੈ ਨਾ - ਮੈਂ ਨੌਕਰ ਹਾਂ, ਮੇਹਤਰ ਹਾਂ। ਪਿਛਾੜੀ ਵਿੱਚ ਤੁਹਾਨੂੰ ਸਭ ਸਾਖਸ਼ਤਕਾਰ ਹੋਵੇਗਾ - ਅਸੀਂ ਕੀ ਬਣਾਂਗੇ, ਸਾਡੇ ਤੋਂ ਕੀ ਵਿਕਰਮ ਹੋਇਆ ਹੈ ਜੋ ਅਜਿਹੀ ਹਾਲਤ ਹੋਈ ਹੈ? ਮੈਂ ਮਹਾਰਾਣੀ ਕਿਉਂ ਨਹੀਂ ਬਣੀ? ਕਦਮ - ਕਦਮ ਤੇ ਖਬਰਦਾਰੀ ਨਾਲ ਚੱਲਣ ਨਾਲ ਤੁਸੀਂ ਪਦਮਪਤੀ ਬਣ ਸਕਦੇ ਹੋ। ਖਬਰਦਾਰੀ ਨਹੀਂ ਤਾਂ ਪਦਮਪਤੀ ਬਣ ਨਹੀਂ ਸਕੋਗੇ। ਮੰਦਿਰ ਵਿੱਚ ਦੇਵਤਾਵਾਂ ਨੂੰ ਪਦਮਪਤੀ ਦੀ ਨਿਸ਼ਾਨੀ ਵਿਖਾਉਂਦੇ ਹਨ। ਫਰਕ ਤਾਂ ਸਮਝ ਸਕਦੇ ਹਨ ਨਾ। ਦਰਜੇ ਦਾ ਵੀ ਬਹੁਤ ਫ਼ਰਕ ਹੈ। ਹੁਣ ਵੀ ਵੇਖੋ ਦਰਜੇ ਕਿੰਨੇਂ ਹਨ। ਕਿੰਨਾ ਠਾਠ ਰਹਿੰਦਾ ਹੈ। ਹੈ ਤਾਂ ਅਲਪਕਾਲ ਦਾ ਸੁੱਖ। ਤਾਂ ਹੁਣ ਬਾਪ ਕਹਿੰਦੇ ਹਨ ਇਹ ਉੱਚ ਪਦਵੀ ਪਾਉਣੀ ਹੈ, ਜਿਸਦੇ ਲਈ ਸਭ ਹੱਥ ਉਠਾਉਂਦੇ ਹਨ ਤਾਂ ਇੰਨਾਂ ਪੁਰਸ਼ਾਰਥ ਕਰਨਾ ਹੈ। ਹੱਥ ਉਠਾਉਣ ਵਾਲੇ ਵੀ ਖ਼ੁਦ ਖ਼ਤਮ ਹੋ ਜਾਂਦੇ ਹਨ। ਕਹਿਣਗੇ ਇਹ ਦੇਵਤਾ ਬਣਨ ਵਾਲੇ ਸੀ। ਪੁਰਸ਼ਾਰਥ ਕਰਦੇ ਖ਼ਤਮ ਹੋ ਗਏ। ਹੱਥ ਉਠਾਉਣਾ ਸੌਖਾ ਹੈ। ਬਹੁਤਿਆਂ ਨੂੰ ਸਮਝਾਉਣਾ ਵੀ ਸਹਿਜ ਹੈ, ਮਹਾਰਥੀ ਸਮਝਾਉਂਦੇ ਵੀ ਗ਼ਾਇਬ ਹੋ ਜਾਂਦੇ ਹਨ। ਹੋਰਾਂ ਦਾ ਕਲਿਆਣ ਕਰ ਖ਼ੁਦ ਆਪਣਾ ਅਕਲਿਆਣ ਕਰ ਬੈਠਦੇ ਹਨ, ਇਸਲਈ ਬਾਪ ਸਮਝਾਉਂਦੇ ਹਨ ਖਬਰਦਾਰ ਰਹੋ। ਅੰਤਰਮੁਖ ਹੋ ਬਾਪ ਨੂੰ ਯਾਦ ਕਰਨਾ ਹੈ। ਕਿਸ ਤਰ੍ਹਾਂ ਨਾਲ? ਬਾਬਾ ਸਾਡਾ ਬਾਪ ਵੀ ਹੈ, ਸਤਿਗੁਰੂ ਵੀ ਹੈ, ਅਸੀਂ ਜਾ ਰਹੇ ਹਾਂ - ਆਪਣੇ ਸਵੀਟ ਹੋਮ ਵਿੱਚ। ਇਹ ਸਭ ਗਿਆਨ ਅੰਦਰ ਵਿੱਚ ਹੋਣਾ ਚਾਹੀਦਾ ਹੈ। ਬਾਪ ਵਿੱਚ ਗਿਆਨ ਅਤੇ ਯੋਗ ਦੋਵੇਂ ਹਨ। ਤੁਹਾਡੇ ਵਿੱਚ ਵੀ ਹੋਣਾ ਚਾਹੀਦਾ ਹੈ। ਜਾਣਦੇ ਹੋ ਸ਼ਿਵਬਾਬਾ ਪੜ੍ਹਾਉਂਦੇ ਹਨ ਤਾਂ ਗਿਆਨ ਵੀ ਹੋਇਆ, ਯਾਦ ਵੀ ਹੋਈ। ਗਿਆਨ ਅਤੇ ਯੋਗ ਦੋਵੇਂ ਇਕੱਠੇ ਚਲੱਦੇ ਹਨ। ਇਵੇਂ ਨਹੀਂ, ਯੋਗ ਵਿੱਚ ਬੈਠੇ ਸ਼ਿਵਬਾਬਾ ਨੂੰ ਯਾਦ ਕਰਦੇ ਰਹੀਏ, ਨਾਲੇਜ਼ ਭੁੱਲ ਜਾਵੇ। ਬਾਪ ਯੋਗ ਸਿਖਾਉਂਦੇ ਹਨ ਤਾਂ ਨਾਲੇਜ਼ ਭੁੱਲ ਜਾਂਦੀ ਹੈ ਕੀ! ਸਾਰੀ ਨਾਲੇਜ ਉਨ੍ਹਾਂ ਵਿੱਚ ਰਹਿੰਦੀ ਹੈ। ਤੁਸੀਂ ਬੱਚਿਆਂ ਵਿੱਚ ਇਹ ਨਾਲੇਜ ਹੋਣੀ ਚਾਹੀਦੀ ਹੈ। ਪੜ੍ਹਨਾ ਚਹਿਦਾ ਹੈ। ਜਿਵੇਂ ਕਰਮ ਮੈਂ ਕਰਾਂਗਾ ਮੈਨੂੰ ਵੇਖ ਹੋਰ ਵੀ ਕਰਨਗੇ। ਮੈਂ ਮੁਰਲੀ ਨਹੀਂ ਪੜ੍ਹਾਂਗਾ ਤਾਂ ਹੋਰ ਵੀ ਨਹੀਂ ਪੜ੍ਹਨਗੇ। ਮੈਂ ਜਿਵੇਂ ਦੁਰਗਤੀ ਨੂੰ ਪਾਵਾਂਗਾ ਤਾਂ ਹੋਰ ਵੀ ਦੁਰਗਤੀ ਨੂੰ ਪਾ ਲੈਣਗੇ। ਮੈਂ ਨਿਮਿਤ ਬਣ ਜਾਵਾਂਗਾ ਹੋਰਾਂ ਨੂੰ ਡਿਗਉਣ ਦੇ। ਕਈ ਬੱਚੇ ਮੁਰਲੀ ਨਹੀਂ ਪੜ੍ਹਦੇ ਹਨ, ਮਿਥਿਆ ਹੰਕਾਰ ਆ ਜਾਂਦਾ ਹੈ। ਮਾਇਆ ਝੱਟ ਵਾਰ ਕਰ ਲੈਂਦੀ ਹੈ। ਕਦਮ - ਕਦਮ ਤੇ ਸ਼੍ਰੀਮਤ ਚਾਹੀਦੀ ਹੈ। ਨਹੀਂ ਤਾਂ ਕੁਝ ਨਾ ਕੁਝ ਵਿਕਰਮ ਬਣ ਜਾਂਦੇ ਹਨ। ਬਹੁਤ ਬੱਚੇ ਭੁੱਲ ਕਰਦੇ ਹਨ ਫਿਰ ਸਤਿਆਨਾਸ਼ ਹੋ ਜਾਂਦੀ ਹੈ। ਗਫ਼ਲਤ ਹੋਣ ਨਾਲ ਮਾਇਆ ਥੱਪੜ ਲਗਾ ਵਰਥ ਨਾਟ ਏ ਪੇਨੀ ਬਣਾ ਦਿੰਦੀ ਹੈ। , ਇਸ ਵਿੱਚ ਬਹੁਤ

ਸਮਝ ਚਾਹੀਦੀ ਹੈ। ਹੰਕਾਰ ਆਉਣ ਨਾਲ ਮਾਇਆ ਬਹੁਤ ਵਿਕਰਮ ਕਰਾਉਂਦੀ ਹੈ। ਜਦੋਂ ਕੋਈ ਕਮੇਟੀ ਆਦਿ ਬਣਾਉਂਦੇ ਹੋ ਤਾਂ ਉਸ ਵਿੱਚ ਹੈਡ ਇੱਕ - ਦੋ ਫੀਮੇਲ ਜ਼ਰੂਰ ਹੋਣੀ ਚਾਹੀਦੀ ਹੈ, ਜਿਨ੍ਹਾਂ ਦੀ ਰਾਏ ਤੇ ਕੰਮ ਹੋਵੇ। ਕਲਸ਼ ਤੇ ਲਕਸ਼ਮੀ ਤੇ ਰੱਖਿਆ ਜਾਂਦਾ ਹੈ ਨਾ। ਗਾਇਨ ਵੀ ਹੈ ਅੰਮ੍ਰਿਤ ਪਿਲਾਉਂਦੀ ਸੀ ਤਾਂ ਅਸੁਰ ਵੀ ਬੈਠ ਪੀਂਦੇ ਸਨ। ਫਿਰ ਕਿਧਰੇ ਯਗ ਵਿੱਚ ਵਿਘਨ ਪਾਉਂਦੇ ਹਨ, ਅਨੇਕ ਤਰ੍ਹਾਂ ਦੇ ਵਿਘਨ ਪਾਉਣ ਵਾਲੇ ਹਨ। ਸਾਰਾ ਦਿਨ ਬੁੱਧੀ ਵਿੱਚ ਝਰਮੁਈ ਝਗਮੁਈ ਦੀਆਂ ਗੱਲਾਂ ਰਹਿੰਦੀਆਂ ਹਨ, ਇਹ ਬਹੁਤ ਖ਼ਰਾਬ ਹੈ। ਕੋਈ ਵੀ ਗੱਲ ਹੈ ਤਾਂ ਬਾਪ ਨੂੰ ਰਿਪੋਟ ਕਰੋ। ਸੁਧਾਰਨ ਵਾਲਾ ਤਾਂ ਇੱਕ ਹੀ ਬਾਪ ਹੈ। ਤੁਸੀਂ ਆਪਣੇ ਹੱਥ ਵਿੱਚ ਕਾਨੂੰਨ ਨਹੀਂ ਲਵੋ। ਤੁਸੀਂ ਬਾਪ ਦੀ ਯਾਦ ਵਿੱਚ ਰਹੋ। ਸਭ ਨੂੰ ਬਾਪ ਦਾ ਪਰਿਚੈ ਦੇਵੋ ਤਾਂ ਅਜਿਹਾ ਬਣ ਸਕਣਗੇ। ਮਾਇਆ ਬਹੁਤ ਕੜੀ ਹੈ, ਕਿਸੇ ਨੂੰ ਵੀ ਨਹੀਂ ਛੱਡਦੀ ਹੈ। ਸਦਾ ਬਾਪ ਨੂੰ ਸਮਾਚਾਰ ਲਿਖਣਾ ਚਾਹੀਦਾ ਹੈ। ਡਾਇਰੈਕਸ਼ਨ ਲੈਂਦੇ ਰਹਿਣਾ ਚਾਹੀਦਾ ਹੈ। ਉਵੇਂ ਤਾਂ ਹਰ ਇੱਕ ਡਾਇਰੈਕਸ਼ਨ ਮਿਲਦੇ ਹੀ ਰਹਿੰਦੇ ਹਨ। ਬੱਚੇ ਸਮਝਦੇ ਹਨ ਬਾਬਾ ਨੇ ਤਾਂ ਆਪੇ ਹੀ ਇਸ ਗੱਲ ਤੇ ਸਮਝਾ ਦਿੱਤਾ ਤਾਂ ਅੰਤਰਯਾਮੀ ਹੈ। ਬਾਪ ਕਹਿੰਦੇ - ਨਹੀਂ, ਮੈਂ ਤਾਂ ਨਾਲੇਜ ਪੜ੍ਹਾਉਂਦਾ ਹਾਂ। ਇਸ ਵਿੱਚ ਅੰਤਰਯਾਮੀ ਦੀ ਤੇ ਕੋਈ ਗੱਲ ਹੀ ਨਹੀਂ। ਹਾਂ, ਇਹ ਜਾਣਦੇ ਹਨ ਕਿ ਇਹ ਸਾਰੇ ਮੇਰੇ ਬੱਚੇ ਹਨ। ਹਰ ਇੱਕ ਦੇ ਅੰਦਰ ਦੀ ਆਤਮਾ ਮੇਰੇ ਬੱਚੇ ਹਨ। ਬਾਕੀ ਇਵੇਂ ਨਹੀਂ ਬਾਪ ਸਭ ਵਿੱਚ ਵਿਰਾਜਮਾਨ ਹੈ। ਮਨੁੱਖ ਉਲਟਾ ਸਮਝ ਲੈਂਦੇ ਹਨ।

ਬਾਪ ਕਹਿੰਦੇ ਹਨ ਮੈਂ ਜਾਣਦਾ ਹਾਂ ਸਭ ਦੇ ਤਖਤ ਤੇ ਆਤਮਾ ਵਿਰਾਜਮਾਨ ਹੈ। ਇਹ ਤਾਂ ਕਿੰਨੀ ਸਹਿਜ ਗੱਲ ਹੈ। ਫਿਰ ਵੀ ਭੁੱਲ ਕੇ ਪ੍ਰਮਾਤਮਾ ਸਰਵਵਿਆਪੀ ਕਹਿ ਦਿੰਦੇ ਹਨ। ਇਹ ਹੈ ਏਕਜ ਭੁੱਲ ਜਿਸ ਦੇ ਕਾਰਨ ਹੀ ਹੇਠਾਂ ਡਿੱਗੇ ਹਨ। ਵਿਸ਼ਵ ਦਾ ਮਾਲਿਕ ਬਣਾਉਣ ਵਾਲੇ ਨੂੰ ਤੁਸੀਂ ਗਾਲਾਂ ਦਿੰਦੇ ਹੋ ਇਸਲਈ ਬਾਪ ਕਹਿੰਦੇ ਹਨ ਯਦਾ ਯਦਾਹਿ… ਬਾਪ ਇੱਥੇ ਆਉਂਦੇ ਹਨ ਤਾਂ ਬੱਚਿਆਂ ਨੂੰ ਚੰਗੀ ਤਰ੍ਹਾਂ ਵਿਚਾਰ ਸਾਗਰ ਮੰਥਨ ਕਰਨਾ ਹੈ। ਨਾਲੇਜ ਤੇ ਬਹੁਤ - ਬਹੁਤ ਮੰਥਨ ਕਰਨਾ ਚਾਹੀਦਾ ਹੈ, ਟਾਈਮ ਦੇਣਾ ਚਾਹੀਦਾ ਹੈ ਤਾਂ ਤੁਸੀਂ ਆਪਣਾ ਕਲਿਆਣ ਕਰ ਸਕੋਗੇ, ਇਸ ਵਿੱਚ ਪੈਸੇ ਆਦਿ ਦੀ ਵੀ ਗੱਲ ਨਹੀਂ। ਭੁੱਖਾ ਤੇ ਕੋਈ ਮਰ ਨਹੀਂ ਸਕਦਾ। ਜਿਨ੍ਹਾਂ ਜੋ ਬਾਪ ਦੇ ਕੋਲ ਜਮਾਂ ਕਰਦੇ ਹਨ, ਉਤਨਾ ਭਾਗਿਆ ਬਣਦਾ ਹੈ। ਬਾਪ ਨੇ ਸਮਝਾਇਆ ਹੈ ਗਿਆਨ ਅਤੇ ਭਗਤੀ ਦੇ ਬਾਦ ਹੈ ਵੈਰਾਗ। ਵੈਰਾਗ ਮਾਨਾ ਸਭ ਕੁਝ ਭੁੱਲ ਜਾਣਾ ਪੈਂਦਾ ਹੈ। ਆਪਣੇ ਨੂੰ ਡੀਟੈਚ ਕਰ ਦੇਣਾ ਚਾਹੀਦਾ ਹੈ, ਸ਼ਰੀਰ ਤੋਂ ਮੈਂ ਆਤਮਾ ਹੁਣ ਜਾ ਰਹੀ ਹਾਂ। ਅੱਛਾ !

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੇ ਉੱਪਰ ਬਹੁਤ ਕੰਟਰੋਲ ਰੱਖਣਾ ਹੈ। ਸ਼੍ਰੀਮਤ ਵਿੱਚ ਵੀ ਕਦੇ ਬੇਪਰਵਾਹ ਨਹੀਂ ਬਣਨਾ ਹੈ। ਬਹੁਤ - ਬਹੁਤ ਖਬਰਦਾਰ ਰਹਿਣਾ ਹੈ, ਕਦੇ ਕਿਸੇ ਕਾਈਦੇ ਦਾ ਉਲੰਘਣ ਨਾ ਹੋਵੇ।

2. ਅੰਤਰਮੁਖ ਹੋ ਇੱਕ ਬਾਪ ਨਾਲ ਲਿੰਕ ਜੋੜਨੀ ਹੈ ਇਸ ਪਤਿਤ ਪੁਰਾਣੀ ਦੁਨੀਆਂ ਨਾਲ ਬੇਹੱਦ ਦਾ ਵੈਰਾਗ ਰੱਖਣਾ ਹੈ। ਬੁੱਧੀ ਵਿੱਚ ਰਹੇ - ਜੋ ਕਰਮ ਮੈਂ ਕਰਾਂਗਾ, ਮੈਨੂੰ ਵੇਖ ਸਭ ਕਰਨਗੇ।

ਵਰਦਾਨ:- ਗਿਆਨ ਦੇ ਪੁਆਇੰਟ ਨੂੰ ਹਰ ਰੋਜ਼ ਰੀਵਾਈਜ ਕਰ ਸਮਾਧਾਨ ਸਵਰੂਪ ਬਣਨ ਵਾਲੇ ਬੇਗਮਪੁਰ ਦੇ ਬਾਦਸ਼ਾਹ ਭਵ।
ਗਿਆਨ ਦੇ ਪੁਆਇੰਟ ਜੋ ਡਾਇਰਿਆਂ ਵਿਚ ਅਤੇ ਬੁੱਧੀ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਹਰ ਰੋਜ ਰਿਵਾਇਜ ਕਰੋ ਅਤੇ ਉਨ੍ਹਾਂ ਨੂੰ ਅਨੁਭਵ ਵਿਚ ਲਿਆਓ ਤਾਂ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਹਿਜ ਹੀ ਸਮਾਧਾਨ ਕਰ ਸਕੋਗੇ। ਕਦੇ ਵੀ ਵਿਅਰਥ ਸੰਕਲਪਾਂ ਦੇ ਹੈਮਰ ਨਾਲ ਸਮੱਸਿਆ ਦੇ ਪੱਥਰ ਨੂੰ ਤੋੜਨ ਵਿਚ ਸਮੇਂ ਨਹੀਂ ਗਵਾਓ। "ਡਰਾਮਾ" ਸ਼ਬਦ ਦੀ ਸਮ੍ਰਿਤੀ ਨਾਲ ਹਾਈ ਜੰਪ ਦੇ ਅੱਗੇ ਵਧੋ। ਫਿਰ ਇਹ ਪੁਰਾਣੇ ਸੰਸਕਾਰ ਤੁਹਾਡੇ ਦਾਸ ਬਣ ਜਾਣਗੇ, ਲੇਕਿਨ ਪਹਿਲੇ ਬਾਦਸ਼ਾਹ ਬਣੋ, ਤਖ਼ਤਨਸ਼ੀਂਨ ਬਣੋ।

ਸਲੋਗਨ:- ਹਰ ਇੱਕ ਨੂੰ ਸਨਮਾਨ ਦੇਣਾ ਹੀ ਸਨਮਾਨ ਪ੍ਰਾਪਤ ਕਰਨਾ ਹੈ।

******

ਅਵਿੱਅਕਤ ਇਸ਼ਾਰੇ - ਇਸ ਅਵਿੱਅਕਤ ਮਹੀਨੇ ਵਿੱਚ ਬੰਧਨਮੁਕਤ ਰਹਿ ਜੀਵਨਮੁਕਤ ਸਥਿਤੀ ਦਾ ਅਨੁਭਵ ਕਰੋ।

ਜੀਵਨ - ਬੰਧ ਦੇ ਨਾਲ ਹੀ ਜੀਵਨ - ਮੁਕਤ ਦਾ ਅਨੁਭਵ ਹੁੰਦਾ ਹੈ, ਉੱਥੇ ਤਾਂ ਜੀਵਨ ਬੰਧ ਦੀ ਗੱਲ ਹੀ ਨਹੀਂ। ਉੱਥੇ ਤਾਂ ਸਿਰਫ ਉਸੇ ਪ੍ਰਾਲਬਧ ਵਿਚ ਹੋਵੋਗੇ, ਮੁਕਤੀਧਾਮ ਦੀ ਮੁਕਤੀ ਦਾ ਅਨੁਭਵ ਜੋ ਹੁਣ ਕਰ ਸਕਦੇ ਹੋ ਇਹ ਉੱਥੇ ਨਹੀਂ ਕਰ ਸਕੋਗੇ ਇਸਲਈ ਸੰਗਮਜੁਗ ਤੇ ਮੁਕਤੀ - ਜੀਵਨਮੁਕਤੀ ਦਾ ਅਨੁਭਵ ਕਰੋ। ਵਰਸੇ ਦੇ ਅਧਿਕਾਰੀ ਤੇ ਬਣੇ ਹੋ ਹੁਣ ਉਸ ਨੂੰ ਜੀਵਨ ਵਿਚ ਧਾਰਨ ਕਰ ਪੂਰਾ ਲਾਭ ਉਠਾਓ।